CREDIT ▪ VALLEY
THE CREDIT VALLEY HOSPITAL

# Credit Valley ਹਸਪਤਾਲ ਦੇ ਅੰਦਰ
# ਨੈਤਿਕਤਾ ਰੋਗਿਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਜਾਣਕਾਰੀ

## *ਨੈਤਿਕਤਾ ਕੀ ਹੁੰਦੀ ਹੈ?*

ਨੈਤਿਕਤਾ "ਸਹੀ" ਅਤੇ "ਗਲਤ" ਅਖਤਿਆਰਾਂ ਅਤੇ ਆਪਣੇ ਅਖਤਿਆਰਾਂ ਅਤੇ ਕਾਰਵਾਈਆਂ ਦੇ ਲਈ ਜਿਹੜੇ ਕਾਰਣ ਦਿੰਦੇ ਹਾਂ ਉਹਨਾਂ ਦੇ ਬਾਰੇ ਹੈ। ਨੈਤਿਕਤਾ ਦੇ ਨਾਲ ਸਾਨੂੰ ਆਪਣੇ ਸਵਾਲਾਂ ਦੇ ਜਵਾਬ ਮਿਲਣ ਵਿੱਚ ਮਦੱਦ ਮਿਲਦੀ ਹੈ:"ਸਾਨੂੰ ਕੀ ਅਤੇ ਕਿਂਓ ਕਰਨਾ ਚਾਹੀਦਾ ਹੈ?"

ਬਿਸਤਰ ਦੇ ਪਾਸੇ ਤੋਂ ਲੈ ਕੇ ਬੋਰਡਰੂਮ ਤਕ ਇੱਕ ਨੈਤਿਕਤਾ ਭਰੀ ਦੇਖਭਾਲ ਨੂੰ ਪੱਕਾ ਕਰਨ ਲਈ ਹਰ ਇੱਕ ਦੀ ਇੱਕ ਭੂਮਿਕਾ ਹੁੰਦੀ ਹੈ। Credit Valley ਹਸਪਤਾਲ ਜਿਸ ਸਮੁਦਾਇ ਦੀ ਸੇਵਾ ਕਰਦਾ ਹੈ ਉਸ ਨੂੰ ਖ਼ਾਸ ਦਇਆਲਤਾ ਨਾਲ ਭਰੀ ਦੇਖਭਾਲ ਪ੍ਰਦਾਨ ਕਰਨ ਲਈ ਵਚਨਬੱਧ ਹੈ। ਨੈਤਿਕਤਾ ਦੇ ਨਿਯਮਾਂ ਅਤੇ ਇਸਦੀ ਕਦਰ ਨੂੰ ਇਸ ਢੰਗ ਬਣਾਈਆ ਗਿਆ ਹੈ ਕਿ ਜਿਸ ਨਾਲ ਹਰ ਰੋਜ਼ ਫੈਸਲੇ ਲਿੱਤੇ ਜਾਂਦੇ ਹਨ ਅਤੇ ਦੇਖਭਾਲ ਪ੍ਰਦਾਨ ਕੀਤੀ ਜਾਂਦੀ ਹੈ।

## *ਇੱਕ ਏਥਿਸਿਸਟ (ਨੈਤਿਕਤਾ ਦਾ ਧਿਆਨ ਰੱਖਣ ਵਾਲਾ) ਮੇਰੀ ਜਾਂ ਮੇਰੇ ਪਰਿਵਾਰ ਦੀ ਕਿਸ ਤਰ੍ਹਾਂ ਮਦੱਦ ਕਰ ਸੱਕਦਾ/ਦੀ ਹੈ?*

ਕਈ ਵਾਰ ਹਸਪਤਾਲ ਵਿੱਚ ਰਹਿੰਦੇ ਹੋਏ ਇਲਾਜ ਦੇ ਬਾਰੇ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਔਖੇ ਫੈਸਲੇ ਲੈਣੇ ਪੈ ਸੱਕਦੇ ਹਨ। ਏਥਿਸਿਸਟ ਦੀ ਭੂਮਿਕਾ ਹੈ ਚੰਗੇ ਫੈਸਲੇ ਲੈਣ ਦੀ ਵਿਧੀ ਪ੍ਰਦਾਨ ਕਰਨਾ ਅਤੇ ਇਸ ਵਿਧੀ ਨਾਲ ਵਿਅਕਤੀਆਂ ਨੂੰ ਸਹਾਇਤਾ ਦੇਣਾ ਹੈ।

ਏਥਿਸਿਸਟ ਤੁਹਾਡੀ ਮਦੱਦ ਕਰ ਸੱਕਦਾ ਹੈ...

- ਇਲਾਜ ਦੇ ਫੈਸਲੇ ਲਈ ਜਿਸ ਜਾਣਕਾਰੀ ਦੀ ਤੁਹਾਨੂੰ ਲੋੜ ਹੈ ਉਸ ਨੂੰ ਪਛਾਣਨ ਵਿੱਚ
- ਤੁਹਾਡੇ ਇਲਾਜ ਦੇ ਫੈਸਲੇ ਦੇ ਨੈਤਿਕ ਅਤੇ ਕਾਨੂੰਨੀ ਫਸਾਅ ਨੂੰ ਸਮਝਣ ਵਿੱਚ
- ਵੱਖ ਵੱਖ ਇਲਾਜ ਦੇ ਚੋਣ ਲੈਣ ਦੇ ਫਾਇਦੇ ਅਤੇ ਬੋਝ ਦੀ ਜਾਂਚ ਕਰਨ ਵਿੱਚ
- ਸੰਸਥਾ ਦੇ ਅੰਦਰ ਅਤੇ ਬਾਹਿਰ ਦੂਸਰੇ ਲੋਕਾਂ ਅਤੇ ਸਾਧਨਾਂ ਨਾਲ ਤੁਹਾਨੂੰ ਜੋੜ ਕੇ

## *ਇੱਕ ਏਥਿਸਿਸਟ ਨਾਲ ਸੰਪਰਕ ਕਰਨ ਵਿੱਚ ਮੈਨੂੰ ਕਿਸ ਗੱਲ ਤੇ ਵਿਚਾਰ ਕਰਨਾ ਚਾਹੀਦਾ ਹੈ?*

ਸੱਭ ਤੋਂ ਪਹਿਲਾਂ, ਤੁਹਾਨੂੰ ਇਲਾਜ ਦੇ ਕਿਸੇ ਵੀ ਫੈਸਲੇ ਦੀ ਚਰਚਾ ਆਪਣੀ ਸਿਹਤ ਦੀ ਦੇਖਭਾਲ ਕਰਨ ਵਾਲੀ ਟੀਮ ਨਾਲ ਕਰਨੀ ਚਾਹੀਦੀ ਹੈ। ਆਪਣੀ ਸਿਹਤ ਦੇਖਭਾਲ ਟੀਮ ਨਾਲ ਆਪਣੇ ਇਲਾਜ ਦੇ ਫੈਸਲੇ ਦੀ ਚਰਚਾ ਕਰਨ ਤੋਂ ਬਾਅਦ, ਤੁਸੀ ਏਥਿਸਿਸਟ ਨਾਲ ਇਹਨਾਂ ਵਿੱਚੋਂ ਕਿਸੇ ਇੱਕ ਕਾਰਣ ਲਈ ਗੱਲ-ਬਾਤ ਕਰ ਸੱਕਦੇ ਹੋ:

- ਜੇਕਰ ਤੁਹਾਨੂੰ ਇਸ ਬਾਰੇ ਪੱਕਾ ਨਾ ਪਤਾ ਹੋਵੇ ਕਿ ਤੁਸੀ ਕਿਹੜੇ ਫੈਸਲੇ ਲੈਣੇ ਹਨ
- ਜੇਕਰ ਇਸ ਬਾਰੇ ਵੱਖ ਵੱਖ ਵਿਚਾਰ ਹੋਣ ਕਿ ਤੁਸੀ ਕਿਹੜੇ ਫੈਸਲੇ ਲੈਣੇ ਹਨ
- ਜੇ ਕਰ ਤੁਸੀ ਕਿਸੇ ਫੈਸਲੇ ਦੇ ਨੈਤਿਕ ਅਤੇ ਕਾਨੂੰਨੀ ਪਹਿਲੂ ਦੇ ਬਾਰੇ ਹੋਰ ਵੀ ਜਾਂਚ ਕਰਨਾ ਚਾਹੁੰਦੇ ਹੋਵੋ

## *ਅਸੀ ਏਥਿਸਿਸਟ ਨਾਲ ਕਿਸ ਤਰ੍ਹਾਂ ਸੰਪਰਕ ਕਰਨਾ ਹੈ?*

ਤੁਸੀ ਏਥਿਸਿਸਟ ਨਾਲ, ਭਰੋਸੇ ਵਿੱਚ, ਈ-ਮੇਲ ਜਾਂ ਫ਼ੋਨ ਤੇ ਗੱਲ ਕਰ ਸੱਕਦੇ ਹੋ:

ਈ-ਮੇਲ: ethics@cvh.on.ca
ਫ਼ੋਨ: 905-813-1100, ਏਕਸਟੈਂਸ਼ਨ 4482

***ਨੈਤਿਕਤਾ ਵਿੱਚ ਸ਼ਾਮਿਲ ਰੋਗਿਆਂ/ਪਰਿਵਾਰ ਦੇ ਸੱਦਸਾਂ ਵਲੋਂ ਮਿਲੇ ਵਿਚਾਰਾਂ ਲਈ ਸਲਾਹ ਲਈ***[1]

ਏਥਿਸਿਸਟ "ਨੇ ਸਾਨੂੰ ਮਹਿਸੂਸ ਕਰਵਾਈਆ ਕਿ ਔਖੇ ਫੈਸਲੇ ਲੈਣ ਲਈ ਅਸੀ ਕੱਲੇ ਨਹੀਂ ਹਾਂ।"

ਏਥਿਸਿਸਟ ਨਾਲ ਹੋਈ ਗੱਲ-ਬਾਤ ਨੇ "ਪਰਿਵਾਰ ਦੇ ਮੋਡੇਆਂ ਤੋਂ ਬੋਝ ਹੱਟਾ ਦਿੱਤਾ ਅਤੇ ਜਿਸ ਅਪਰਾਧ ਦੀ ਭਾਵਨਾ ਨੂੰ ਅਸੀ ਮਹਿਸੂਸ ਕਰ ਰਹੇ ਸੀ ਉਸ ਨੂੰ ਘੱਟਾ ਦਿੱਤਾ।"

ਏਥਿਸਿਸਟ ਨਾਲ ਗੱਲ ਕਰਕੇ "ਵਿਕਲਪਾਂ ਨੂੰ ਹੋਰ ਵੀ ਚੰਗੀ ਤਰ੍ਹਾਂ ਜਾਂਚਣ ਵਿੱਚ ਹੋਰ ਵੀ ਮਦੱਦ ਮਿੱਲ ਗਈ।"

---

[1] Orr, R. D., Morton, K. R., deLeon, D. M., & Fals, J. C. (1996). ਨੈਤਿਕਤਾ ਬਾਰੇ ਪ੍ਰਾਮਰਸ਼ ਸੇਵਾਵਾਂ ਦਾ ਮੁਲਾਂਕਣ: ਰੋਗਿਆਂ ਅਤੇ ਪਰਿਵਾਰ ਦ੍ਰਿਸ਼ ਮਈ ਅਮੈਰੀਕਨ ਜਰਨਲ ਆਫ਼ ਮੈਡਿਸਿਨ (The American Journal of Medicine) 101(2), 135-141.